(i) Printed Pages : 4 Roll No. ................................

(ii) Questions : 5

**Sub. Code : | 0 | 0 | 0 | 2 |**

**Exam. Code : | 0 | 0 | 0 | 1 |**

# B.A./B.Sc. (General) 1st Semester

# 1125

# PUNJABI (Compulsory)

## (Same for B.A./B.Sc. (Gen.) & B.Sc.

## (Microbial & Food Tech., Fashion Designing & Shastri Part–I)

## Paper–A

**Time Allowed : Three Hours]** **[Maximum Marks : 45**

**ਨੋਟ :–** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(i) ਵਾਗਾਂ ਛੱਡ ਕੇ ਹੰਝੂਆਂ ਵਾਲੀਏ ਨੀ,
ਪੈਰ ਧਰਨ ਦੇ ਮੈਨੂੰ ਰਕਾਬ ਉੱਤੇ।
ਸਾਡੇ ਦੇਸ਼ ਤੇ ਬਣੀ ਏ ਭੀੜ ਭਾਰੀ,
ਟੁਟ ਪਏ ਨੇ ਵੈਰੀ ਪੰਜਾਬ ਉੱਤੇ।
ਰੋ ਰੋ ਕੇ ਪਾਣੀ ਨਾ ਫੇਰ ਐਵੇਂ,

(ii) ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ
ਆਖੋ ਏਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ। 5

(ਅ) ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਸਾਰ ਤੇ ਕੇਂਦਰੀ ਭਾਵ ਲਿਖੋ :

(i) ਜਵਾਨ ਪੰਜਾਬ ਦੇ

(ii) ਅਸਾਂ ਤਾਂ ਜੋਬਨ ਰੁੱਤੇ ਮਰਨਾ। 5+5=10

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(i) 'ਚਰਖਾ' ਕਵਿਤਾ ਕਿਸ ਦੀ ਰਚਨਾ ਹੈ ?

(ii) ਪੂਰਨ ਸਿੰਘ ਅਨੁਸਾਰ ਪੰਜਾਬ ਕਿਸ ਦੇ ਨਾਂ ਉੱਤੇ ਜਿਊਂਦਾ ਹੈ ?

(iii) ਮਾਂ ਨੂੰ ਘਣੀ ਛਾਂ ਵਾਲਾ ਬੂਟਾ ਕਿਉਂ ਕਿਹਾ ਗਿਆ ਹੈ ?

(iv) 'ਗੁਰੂ ਨਾਨਕ ਨੂੰ' ਕਵਿਤਾ ਦਾ ਸੰਬੰਧ ਕਿਹੜੀ ਦੁਖਾਂਤਕ ਘਟਨਾ ਨਾਲ ਹੈ ?

(v) 'ਦੇਖ ਕਬੀਰਾ ਰੋਇਆ' ਕਵਿਤਾ ਦੀ ਸੁਰ ਕਿਹੋ ਜਿਹੀ ਹੈ ?

(vi) ਦੁਨੀਆਂ ਬਾਰੇ ਵੱਖ-ਵੱਖ ਲੋਕਾਂ (ਫਿਲਾਸਫਰਾਂ) ਨੇ ਕੀ ਕਿਹਾ ਹੈ ?

(vii) ਅਮਨ ਦੀ ਅੱਖ ਚੁੱਭਣ ਤੋਂ ਕੀ ਭਾਵ ਹੈ ?

(viii) ਉਮਰ ਬੀਤਣ ਨਾਲ ਬੰਦੇ ਵਿੱਚ ਕੀ ਤਬਦੀਲੀ ਆਉਂਦੀ ਹੈ ?

5×1=5

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ 500 ਸ਼ਬਦਾਂ ਵਿੱਚ ਲੇਖ ਲਿਖੋ :

(i) ਵਿਦਿਆਰਥੀ ਤੇ ਨਸ਼ੇ

(ii) ਇਸਤਰੀਆਂ ਵਿੱਚ ਅਸੁਰੱਖਿਆ ਦੀ ਭਾਵਨਾ

(iii) ਬਦਲ ਰਿਹਾ ਪੰਜਾਬੀ ਸਭਿਆਚਾਰ

(iv) ਸੈੱਲਫੋਨ। 10

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

ਬੱਚੇ ਨੂੰ ਮਰਿਯਾਦਾ ਦਾ ਸਬਕ ਦੇਣਾ ਬੜੀ ਸਿਆਣਪ ਮੰਗਦਾ ਹੈ। ਬੱਚੇ ਦੀ ਫਿਤਰਤ ਮਰਯਾਦਾ ਦੇ ਵਿਰੁੱਧ ਹੁੰਦੀ ਹੈ। ਜਦੋਂ ਮਾਪੇ ਉਸ ਦੀ ਫ਼ਿਤਰਤ ਦੇ ਵਿਰੁੱਧ ਬੇ-ਮੇਚੀ ਸਿੱਖਿਆ ਦਿੰਦੇ ਹਨ ਤਾਂ ਬੱਚੇ ਵਿੱਚ ਝੂਠ ਬੋਲਣ, ਚੋਰੀ ਕਰਨ, ਚੀਜ਼ਾਂ ਲੁਕਾਉਣ, ਤੋੜਨ ਤੇ ਗਵਾਉਣ ਦੀ ਰੁਚੀ ਬਗ਼ਾਵਤ ਦੇ ਤੌਰ ਉੱਤੇ ਜਾਗਦੀ ਹੈ। ਸਿਆਣੇ ਮਾਪੇ ਇਸ ਰੁਚੀ ਨੂੰ ਤਾੜਦੇ ਰਹਿੰਦੇ ਹਨ ਤੇ ਇਹੋ ਜਿਹੇ ਤਰੀਕੇ ਨਾਲ ਮਰਿਯਾਦਾ ਸਿਖਾਉਂਦੇ ਹਨ ਕਿ ਉਹ ਬਾਗੀ ਨਾ ਹੋ ਜਾਵੇ। ਇਨਸਾਨ ਦਾ ਬੱਚਾ ਵੀ ਸ਼ੁਰੂ ਵਿੱਚ ਨਿਰਾ ਵਹਿਸ਼ੀ ਹੁੰਦਾ ਹੈ। ਕੁੱਤਿਆਂ, ਬਿੱਲਿਆਂ, ਸ਼ੇਰਾਂ, ਚੀਤਿਆਂ ਨੂੰ ਹੋਲੀ-ਹੋਲੀ ਸਿਆਣਪ ਸਿਖਾਈ ਜਾ ਸਕਦੀ ਹੈ। ਹੂ-ਬ-ਹੂ ਉਸੇ ਤਰ੍ਹਾਂ ਇਨਸਾਨ ਦੇ ਬੱਚੇ ਨਾਲ ਕਰਨਾ ਜ਼ਰੂਰੀ ਹੈ। ਬੱਚਾ ਵੀ ਹਰ ਬੰਧਨ, ਮਰਯਾਦਾ ਦੇ ਸੁਭਾਵਿਕ ਹੀ ਖਿਲਾਫ਼ ਹੁੰਦਾ ਹੈ। ਇਸ ਦੀ ਵਹਿਸ਼ਤ ਦਾ ਸਤਿਕਾਰ ਕਰਕੇ ਬੜੇ ਸਬਰ ਨਾਲ ਵਾਰ-ਵਾਰ ਕੋਸ਼ਿਸ਼ ਕਰਕੇ ਹੀ ਮਰਿਯਾਦਾ ਸਿਖਾਈ ਜਾ ਸਕਦੀ ਹੈ। ਜਿਹੜੇ ਮਾਪੇ ਸਿਰਫ਼ ਉਪਦੇਸ਼ ਨਾਲ, ਹੁਕਮ ਜਾਂ ਡਰਾਵੇ ਨਾਲ ਮਰਯਾਦਾ ਸਿਖਾਉਣੀ ਚਾਹੁੰਦੇ ਹਨ, ਉਹ ਵਧੇਰੇ ਕਾਮਯਾਬ ਨਹੀਂ ਹੁੰਦੇ। 5

ਹਨ, ਉਹ ਵਧੇਰੇ ਕਾਮਯਾਬ ਨਹੀਂ ਹੁੰਦੇ। 5

5. (ੳ) ਪੰਜਾਬੀ ਧੁਨੀ-ਪ੍ਰਬੰਧ ਬਾਰੇ ਜਾਣਕਾਰੀ ਦਿਓ।

**ਜਾਂ**

ਵਾਕ ਕੀ ਹੁੰਦਾ ਹੈ ? ਬਣਤਰ ਦੇ ਅਧਾਰ 'ਤੇ ਇਸ ਦੀਆਂ ਕਿਸਮਾਂ ਬਾਰੇ ਉਦਾਹਰਣਾਂ ਸਹਿਤ ਜਾਣਕਾਰੀ ਦਿਓ। 6

(ਅ) ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ :

(i) ਗੁਰਮੁਖੀ ਵਿੱਚ ਕਿਹੜੇ ਵਿਅੰਜਨ ਨਾਸਕੀ ਹਨ ?

(ii) ਇਕ ਸਧਾਰਨ ਤੇ ਇਕ ਮਿਸ਼ਰਤ ਵਾਕ ਲਿਖੋ।

(iii) ਉਪਵਾਕ ਕਿਸ ਨੂੰ ਆਖਦੇ ਹਨ ?

(iv) ਰੂਪ ਦੇ ਅਧਾਰ 'ਤੇ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

2+2=4